# ਗੁਜਰਾਤ ਵਿਚ ਮੁਕਾਮੀ ਚੋਣਾਂ ਵਿਚ ਵੋਟ ਨਾਂ ਪਾਉਣ ਵਾਲਿਆਂ ਨੂੰ ਸਜ਼ਾ

ਗੁਜਰਾਤ ਵਿਚ ਹਾਕਮ ਜਮਾਤਾਂ ਨੇ ਇਕ ਹੋਰ ਸ਼ੋਸ਼ਾ ਛੱਡਿਆ ਹੈ। ਉਨ੍ਹਾਂ ਨੇ ਇਕ ਐਸਾ ਕਾਨੂੰਨ ਬਣਾ ਦਿਤਾ ਹੈ ਜਿਸ ਅਨੁਸਾਰ ਨਗਰ-ਪਾਲਕਾ ਦੀਆਂ ਚੋਣਾਂ ਵਿਚ ਵੋਟ ਨਾ ਪਾਉਣਾ ਕਾਨੂੰਨ ਦੇ ਖ਼ਿਲਾਫ਼ ਹੋਵੇਗਾ ਅਤੇ ਵੋਟ ਨਾ ਪਾਉਣ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਸਕੇਗੀ।

ਕਹਿੰਦੇ ਹੈ ਕਿ ਗੁਜਰਾਤ ਸਰਕਾ ਨੇ ਇਹ ਕਾਨੂੰਨ ਇਸ ਲਈ ਬਣਾਇਆ ਗਿਆ ਹੈ ਕਿਉਂਕਿ ਚੋਣਾਂ ਵਿਚ ਵੋਟ ਪਾਉਣ ਵਿਚ ਲੋਕਾਂ ਦੀ ਰੁਚੀ ਬਹੁਤ ਘਟ ਗਈ ਹੈ ਤੇ ਬਹੁਤਾ ਕਰਕੇ ਉਹ ਚੋਣਾਂ ਵਿਚ ਵੋਟ ਪਾਉਣ ਨਹੀਂ ਜਾਂਦੇ। ਇਸ ਲਈ ਸਰਕਾਰ ਨੇ ਲੋਕਾਂ ਨੂੰ ਵੋਟਾਂ ਪਾਉਣ ਤੇ ਮਜਬੂਰ ਕਰਨ ਲਈ ਕਾਨੂੰਨ ਬਣਾ ਲਿਆ ਹੈ।

ਜਿੱਥੇ ਜਿੱਥੇ ਵੀ ਲਿਬਰਲ ਡੈਮੋਕ੍ਰੇਸੀ ਦੀ ਸਿਆਸੀ ਪ੍ਰਣਾਲੀ ਹੈ ਉਨ੍ਹਾਂ ਮੁਲਕਾਂ ਵਿਚ ਕਈ ਵਾਰੀ ਅੱਧੇ ਤੋਂ ਜ਼ਿਆਦਾ ਲੋਕ ਚੋਣਾਂ ਵਿਚ ਹਿਸਾ ਲੈਣ ਤੋਂ ਗੁਰੇਜ਼ ਕਰਦੇ ਹਨ ਤੇ ਵੋਟ ਨਹੀਂ ਪਾਉਂਦੇ। ਲੋਕ ਜਾਣਦੇ ਹਨ ਕਿ ਵੋਟਾਂ ਪਾਉਣ ਨਾਲ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਉਨ੍ਹਾਂ ਸਾਹਮਣੇ ਕੋਈ ਅਸਲੀ ਮੁਤਬਾਦਲ ਨਹੀਂ ਹੁੰਦਾ। ਚੋਣਾ ਵਿਚ ਖੜੇ ਉਮੀਦਵਾਰਾਂ ਵਿਚ ਉੱਨੀ ਇੱਕੀ ਦਾ ਹੀ ਫਰਕ ਹੁੰਦਾ ਹੈ ਤੇ ਜਿਤ ਜਾਣ ਬਾਅਦ ਸਾਰਿਆਂ ਦੇ ਹੀ ਅਮਲ ਲੋਕਾਂ ਦੇ ਹਿਤਾਂ ਦੇ ਖ਼ਿਲਾਫ਼ ਜਾਂਦੇ ਹਨ। ਸਿਆਸੀ ਪਾਰਟੀਆਂ ਤੇ ਉਮੀਦਵਾਰ ਚੋਣਾਂ ਵੇਲੇ ਤਾਂ ਬਹੁਤ ਵੱਡੇ ਵੱਡੇ ਵਾਅਦੇ ਅਤੇ ਦਾਅਵੇ ਕਰਦੇ ਹਨ ਪਰ ਚੋਣਾਂ ਦੇ ਬਾਅਦ ਉਹ ਸਭ ਕੁਝ ਭੁਲ ਜਾਂਦੇ ਹਨ ਤੇ ਲੋਕਾਂ ਨਾਲ ਕੀਤਾ ਕੋਈ ਵੀ ਵਾਅਦਾ ਪੂਰਾ ਨਹੀਂ ਕਰਦੇ। ਚੋਣਾਂ ਰਾਹੀਂ ਲੋਕਾਂ ਤੋਂ ਉਨ੍ਹਾਂ ਦੀ ਤਾਕਤ ਖੋਹ ਲਈ ਜਾਂਦੀ ਹੈ ਅਤੇ ਚੋਣਾਂ ਦੇ ਬਾਅਦ ਹਾਕਮ ਜਮਾਤਾਂ, ਉਨ੍ਹਾਂ ਦੀਆਂ ਪਾਰਟੀਆਂ ਇਹੋ ਸਮਝਦੀਆਂ ਹਨ ਕਿ ਹੁਣ ਉਹ ਜੋ ਜੀ ਚਾਹੇ ਕਰ ਸਕਦੇ ਹਨ ਕਿਉਂਕਿ ਉਹ ਵੋਟਾਂ ਰਾਹੀਂ ਜਿੱਤ ਕੇ ਆਏ ਹਨ। ਲੋਕ ਅਗਲੀਆਂ ਚੋਣਾਂ ਤੱਕ ਖੁੱਡੇ ਲਾ ਦਿਤੇ ਜਾਂਦੇ ਹਨ ਤੇ ਜਿਤਣ ਵਾਲੇ ਲੋਕ ਫ਼ਤਵਾ ਹਾਸਲ ਹੋਣ ਦਾ ਦਾਅਵਾ ਕਰਦੇ ਹੋਏ ਮਨਮਾਨੀਆਂ ਕਰਦੇ ਹਨ। ਇਸ ਕਰਕੇ ਚੋਣਾਂ ਅਤੇ ਚੋਣ ਪ੍ਰਣਾਲੀ ਤੋਂ ਲੋਕਾਂ ਭਰੋਸਾ ਖ਼ਤਮ ਹੁੰਦਾ ਜਾ ਰਿਹਾ ਤੇ ਲੋਕਾਂ ਦੀ ਵੋਟਾਂ ਪਾਉਣ ਵਿਚ ਦਿਲਚਸਪੀ ਘਟਦੀ ਜਾ ਰਹੀ ਹੈ।

ਲਿਬਰਲ ਡੈਮੋਕ੍ਰੇਸੀ ਵਿਚ ਲੋਕਾਂ ਦੀ ਬੇਇਤਬਾਰੀ ਵਧਣ ਦਾ ਇਹ ਸੰਕਟ ਦੁਨੀਆ ਭਰ ਵਿਚ ਬਣਿਆ ਹੋਇਆ ਹੈ ਅਤੇ ਹਰ ਚੋਣ ਨਾਲ ਡੂੰਘਾ ਹੁੰਦਾ ਜਾ ਰਿਹਾ ਹੈ। ਮਿਸਾਲ ਦੇ ਤੌਰ ਤੇ ਅਮਰੀਕਾ ਵਿਚ ਸਦਰ ਦੀ ਚੋਣ ਮੁਹਿੰਮ ਦੇ ਦੌਰਾਨ ਓਬਾਮਾ ਨੇ ਅਮਨ ਬਾਰੇ ਬਹੁਤ ਦਾਅਵੇ ਕੀਤੇ । ਤਬਦੀਲੀ ਲਿਆਉਣ ਦੀਆਂ ਗੱਲਾਂ ਮਾਰੀਆਂ ਤੇ ਚੋਣ ਜਿਤ ਲਈ । ਓਬਾਮਾ ਦੀਆਂ ਗੱਲਾਂ ਵਿਚ ਆ ਕੇ ਉਹਨੂੰ ਕਈ ਉਨ੍ਹਾਂ ਲੋਕਾਂ ਨੇ ਵੀ ਵੋਟਾਂ ਜਾ ਪਾਈਆਂ ਜਿਹੜੇ ਕਿ ਆਮ ਤੌਰ ਤੇ ਚੋਣਾਂ ਵਿਚ ਵੋਟਾਂ ਨਹੀਂ ਸੀ ਪਾਉਂਦੇ ਸੀ। ਹਾਕਮ ਜਮਾਤਾਂ ਨੇ ਭੁਲੇਖੇ ਖੜੇ ਕੀਤੇ ਕਿ ਓਬਾਮਾ ਅਮਨ ਲਿਆਵੇਗਾ। ਇਥੋਂ ਤੱਕ ਕਿ ਨੋਬਲ ਪੀਸ ਪ੍ਰਾਈਜ਼ ਨੂੰ ਵੀ ਹੱਥ ਮਾਰ ਲਿਆ। ਪਰ ਉਸਨੇ ਵੀ ਬੁਸ਼ ਵਾਂਗ ਹੀ ਜੰਗ ਜਾਰੀ ਰੱਖੀ ਹੈ ਅਤੇ ਇਸਨੂੰ ਹੋਰ ਤੇਜ਼ ਕਰਨ ਲਈ ਹੁਣ ਤੀਹ ਹਜ਼ਾਰ ਹੋਰ ਫੌਜੀ ਅਫ਼ਗਾਨਿਸਤਾਨ ਵਿਚ ਭੇਜਣ ਦਾ ਐਲਾਨ ਕੀਤਾ ਹੈ। ਜਿਨ੍ਹਾਂ ਲੋਕਾਂ ਨੇ ਓਬਾਮਾ ਨੂੰ ਬੜੇ ਚਾਅ ਨਾਲ ਵੋਟਾਂ ਪਾਈਆਂ ਸੀ ਹੁਣ ਉਹ ਓਬਾਮਾ ਤੋਂ ਨਾਰਾਜ਼ ਹਨ ਕਿਉਂਕਿ ਉਨ੍ਹਾਂ ਦੇ ਭੁਲੇਖੇ ਚਕਨਾਚੂਰ ਹੋ ਗਏ ਹਨ। ਇਹ ਗੱਲ ਸਿਰਫ਼ ਇਕੱਲੇ ਓਬਾਮਾ ਦੀ ਨਹੀਂ ਹਰ ਪਾਸੇ ਇਹੋ ਭੰਗ ਭੁਜਦੀ ਹੈ। ਇਸ ਕਰਕੇ ਹੋਰਨਾਂ ਮੁਲਕਾਂ ਵਿਚ ਵੀ ਵਸੋਂ ਦੀ ਇਕ ਬਹੁਤ ਵੱਡੀ ਗਿਣਤੀ ਹੁਣ ਚੋਣਾਂ ਵਿਚ ਹਿੱਸਾ ਨਹੀਂ ਲੈਂਦੀ ਕਿਉਂਕਿ ਉਨ੍ਹਾਂ ਦਾ ਤਜਰਬਾ ਦੱਸਦਾ ਹੈ ਕਿ ਚੋਣਾਂ ਦਾ ਢਕੌਂਸਲਾ ਹਾਕਮ ਜਮਾਤਾਂ ਆਪਣੇ ਰਾਜ ਨੂੰ ਵਾਜਬ ਕਰਾਰ ਦੇਣ ਲਈ ਹੀ ਕਰਦੀਆਂ ਹਨ ਅਤੇ ਇਹ ਇਕ ਤਰੀਕਾ ਬਣਾ ਲਿਆ ਗਿਆ ਹੈ ਜਿਸ ਰਾਹੀਂ ਉਹ ਲੋਕ ਫ਼ਤਵੇ ਦੇ ਨਾਮ ਹੇਠ ਆਪਣੀ ਮਨਮਰਜ਼ੀ ਨੂੰ ਲੋਕਾਂ ਤੇ ਠੋਸਦੇ ਹਨ।

ਕਹਿਣੀ ਤੇ ਕਰਨੀ ਦੇ ਫ਼ਰਕ ਅਤੇ ਲੋਕਾਂ ਹੱਥੋਂ ਤਾਕਤ ਖੋਹਣ ਦੇ ਇਸ ਤਰੀਕੇ ਕਰਕੇ ਉਠੇ ਪਰਤੀਤ ਦੇ ਸੰਕਟ ਦੇ ਇਸ ਬੁਨਿਆਦੀ ਮਸਲੇ ਨੂੰ ਨਜਿੱਠਣ ਦੀ ਬਜਾਏ ਹਾਕਮ ਜਮਾਤਾਂ ਲੋਕਾਂ ਉੱਤੇ ਹੀ ਇਲਜ਼ਾਮ ਲਾਉਂਦੀਆਂ ਹਨ ਕਿ ਉਹ ਚੋਣਾਂ ਵਿਚ ਵੋਟ ਨਾ ਪਾਕੇ ਆਪਣੇ ਬੁਨਿਆਦੀ ਹੱਕ ਦਾ ਇਸਤੇਮਾਲ ਨਹੀਂ ਕਰਦੇ ਇਸ ਲਈ ਮਾੜੇ ਲੋਕ ਜਿਤ ਜਾਂਦੇ ਹਨ। ਲਿਬਰਲ ਜਮਹੂਰੀਅਤ ਅਤੇ ਚੋਣ ਪ੍ਰਣਾਲੀ ਵਿਚ ਹਿਸਾ ਲੈਣ ਵਿਚ ਘਟਦੀ ਰੁਚੀ ਕਰਕੇ ਪੈਦਾ ਹੋਏ ਸੰਕਟ ਤੋਂ ਪਿਛਾ ਛੜਾਉਣ ਦੀ ਕੋਸ਼ਿਸ਼ ਵਿਚ ਹੁਣ ਗੁਜਰਾਤ ਵਿਚ ਉਨ੍ਹਾਂ ਨੇ ਕਾਨੂੰਨ ਬਣਾਇਆ ਹੈ ਕਿ ਲੋਕ ਚੋਣਾਂ ਵਿਚ ਵੋਟ ਲਾਜ਼ਮੀ ਪਾਉਣ ਨਹੀਂ ਤਾਂ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਪਿੱਛੇ ਜਿਹੇ ਆਸਟਰੇਲੀਆ ਵਿਚ ਵੀ ਇਹੋ ਜਿਹਾ ਕਾਨੂੰਨ ਬਣਾਉਣ ਦੀ ਗੱਲ ਚੱਲੀ ਸੀ ਅਤੇ ਕਈ ਹੋਰ ਮੁਲਕਾਂ ਵਿਚ ਹੀ ਇਹੋ ਜਿਹੇ ਕਾਨੂੰਨ ਬਣਾਉਣ ਦੀ ਗੱਲ ਚੱਲ ਰਹੀ ਹੈ। ਪਰ ਇਨ੍ਹਾਂ ਕਾਨੂੰਨਾਂ ਨਾਲ ਕੋਈ ਮਸਲਾ ਹੱਲ ਨਹੀਂ ਹੋਣਾ। ਇਹ ਤਾਂ ਹਾਕਮ ਜਮਾਤਾਂ ਦੀ ਅਸਲੀਅਤ ਤੇ ਮਿੱਟੀ ਪਾਉਣ ਦੀ ਹੀ ਚਾਲ ਹੈ।

ਅਸਲੀਅਤ ਵਿਚ ਲਿਬਰਲ ਡੈਮੋਕ੍ਰੇਸੀ ਅਤੇ ਇਹਦੀਆਂ ਚੋਣਾਂ ਵਿਚ ਲੋਕਾਂ ਦਾ ਇਤਬਾਰ ਉਠ ਗਿਆ ਹੈ। ਉਨ੍ਹਾਂ ਦਾ ਤਜਰਬਾ ਦੱਸਦਾ ਹੈ ਕਿ ਚੋਣਾਂ ਹਾਕਮ ਜਮਾਤਾਂ ਦਾ ਹੀ ਅਜੰਡਾ ਪੂਰਾ ਕਰਦੀਆਂ ਹਨ। ਚੋਣਾਂ ਵਿਚ ਕੋਈ ਹਾਰੇ ਕੋਈ ਜਿੱਤੇ ਲੋਕਾਂ ਦੇ ਹੱਕ ਅਤੇ ਹਿੱਤਾਂ ਤੇ ਸਦਾ ਸੱਟ ਹੀ ਵੱਜਦੀ ਹੈ। ਇਸ ਲਈ ਉਹ ਲਿਬਰਲ ਡੈਮੋਕ੍ਰੇਸੀ ਨੂੰ ਛੱਡ ਕੇ ਇਕ ਨਵੀਂ ਸਿਆਸੀ ਪ੍ਰਣਾਲੀ ਦੀ ਭਾਲ ਅਤੇ ਖੋਜ ਕਰ ਰਹੇ ਹਨ ਜਿਸ ਨਾਲ ਉਹ ਆਪਣੇ ਬੁਨਿਆਦੀ ਮਸਲੇ ਹੱਲ ਕਰ ਸਕਣ।